# ਸ਼੍ਰੇਣੀ ਛੇਵੀਂ
# ਸੰਗੀਤ ਗਾਇਨ
## ਪੇਪਰ - ਏ

ਸਮਾਂ ਲਿਖਤੀ -3 ਘੰਟੇ
ਪ੍ਰਯੋਗੀ:20 ਮਿੰਟ (ਪ੍ਰਤੀ ਵਿਦਿਆਰਥੀ)

ਲਿਖਤੀ:-40 ਅੰਕ
ਪ੍ਰਯੋਗੀ :- 50 ਅੰਕ
ਸੀ.ਸੀ.ਈ. :-10 ਅੰਕ
ਕੁੱਲ :-100 ਅੰਕ

### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਲਿਖਤੀ)

1. ਲਿਖਤੀ ਪ੍ਰਸ਼ਨ-ਪੱਤਰ ਵਿੱਚ ਕੁੱਲ 23 ਪ੍ਰਸ਼ਨ ਹੋਣਗੇ।
2. ਪ੍ਰਸ਼ਨ ਪੱਤਰ ਦੇ ਕੁੱਲ ਤਿੰਨ ਭਾਗ ਹੋਣਗੇ।

ਭਾਗ-1 ਵਿੱਚੋਂ 9 ਵਸਤੂਨਿਸ਼ਠ ਪ੍ਰਸ਼ਨ (ਪ੍ਰ. ਨੰ: 1-9) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਤੋਂ ਵੱਧ ਨਹੀ ਹੋਣਾ ਚਾਹੀਦਾ ਹੈ। 9×1=9 ਅੰਕ

ਭਾਗ- 2 ਵਿੱਚੋਂ 10 ਸੰਖੇਪਾਤਮਕ ਪ੍ਰਸ਼ਨ (ਪ੍ਰ. ਨੰ: 10-19) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ 10 ਪ੍ਰਸ਼ਨਾਂ ਵਿੱਚੋ ਕੋਈ 7 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ।

7×3=21 ਅੰਕ

ਭਾਗ-3 ਵਿੱਚੋਂ 4 ਨਿਬੰਧਾਤਮਕ ਪ੍ਰਸ਼ਨ (ਪ੍ਰ. ਨੰ: 20-23) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। ਇਹਨਾਂ 4 ਪ੍ਰਸ਼ਨਾਂ ਵਿੱਚੋ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। 5×2=10 ਅੰਕ

### ਭਾਗ ਵਾਇਜ਼ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆ | ਭਾਗ ਵਾਇਸ ਪ੍ਰਸ਼ਨਾਂ ਦੀ ਵੰਡ | | ਕੁੱਲ ਅੰਕ |
|---|---|---|---|---|---|
| | | | ਭਾਗ - ੳ | ਭਾਗ - ਅ | |
| ਵਸਤੂਨਿਸ਼ਠ ਪ੍ਰਸ਼ਨ | 1 ਅੰਕ | 09 | 5 | 4 | 09 |
| ਛੋਟੇ ਉੱਤਰਾਂ ਵਾਲੇ ਪ੍ਰਸ਼ਨ | 3 ਅੰਕ | 10 | 6 | 4 | 21 |
| ਨਿਬੰਧਾਤਮਕ ਪ੍ਰਸ਼ਨ | 5 ਅੰਕ | 04 | 2 | 2 | 10 |
| ਕੁੱਲ | | 23 | 13 | 10 | 40 |

# ਮਾਡਲ ਟੈਸਟ ਪੇਪਰ

**ਭਾਗ-I : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਲਿਖੋ:-**

1. ਸੰਗੀਤ ਕਿਸਨੂੰ ਆਖਦੇ ਹਨ ?
2. ਅਲੰਕਾਰ ਨੂੰ ਹੋਰ ਕੀ ਆਖਦੇ ਹਨ ?
3. ਲੈਅ ਕਿੰਨੀ ਤਰ੍ਹਾਂ ਦੀ ਮੰਨੀ ਜਾਂਦੀ ਹੈ ?
4. ਸਵਰਾਂ ਦੇ ਸਮੂਹ ਨੂੰ ਕੀ ਕਹਿੰਦੇ ਹਨ ?
5. ਰੇ ਸਵਰ ਦਾ ਨਾਮ ਲਿਖੋ ?
6. ਕਿਸੇ ਇੱਕ ਤਾਲ ਦਾ ਨਾਮ ਲਿਖੋ ?
7. ਦਾਦਰਾ ਤਾਲ ਦਾ ਸਮ ਕਿਹੜੀ ਮਾਤਰਾ ਤੇ ਹੈ ?
8. ਲੋਕ ਗੀਤ ਨਾਲ ਕਿਸ ਤਾਲ ਦਾ ਵਧੇਰੇ ਪ੍ਰਯੋਗ ਕੀਤਾ ਜਾਂਦਾ ਹੈ ?
9. ਧਾ ਧਿੰ ਨਾ ਧਾ ਤਿੰ ਨਾ ਕਿਸ ਤਾਲ ਦੇ ਬੋਲ ਹਨ ?

**[1×9= 9]**

**ਭਾਗ-II : ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ ਦਿਓ:-**

10. ਆਰੋਹ ਅਤੇ ਅਵਰੋਹ ਦੀ ਪਰਿਭਾਸ਼ਾ ਲਿਖੋ।
11. ਲੈਅ ਕਿੰਨੀ ਤਰ੍ਹਾਂ ਦੀ ਮੰਨੀ ਜਾਂਦੀ ਹੈ ਵਰਣਨ ਕਰੋ।
12. ਸਪਤਕ ਕਿਸਨੂੰ ਆਖਦੇ ਹਨ ? ਇਸਦੇ ਮੁੱਖ ਕਿੰਨੇ ਪ੍ਰਕਾਰ ਹਨ ?
13. ਸਵਰ ਕਿਸਨੂੰ ਆਖਦੇ ਹਨ ? ਸਵਰਾਂ ਦੇ ਨਾਂ ਲਿਖੋ ?
14. ਮੱਧ ਸਪਤਕ ਦੀ ਪਹਿਚਾਣ ਦੱਸੋ।
15. ਸ਼ੁੱਧ ਸਵਰ ਕਿਸਨੂੰ ਕਹਿੰਦੇ ਹਨ ?
16. ਸਪਤਕ ਦੇ ਸਵਰਾਂ ਨੂੰ ਆਰੋਹ/ ਚੜ੍ਹਦੇ ਕ੍ਰਮ ਵਿੱਚ ਲਿਖੋ।
17. ਸਪਤਕ ਦੇ ਸਵਰਾਂ ਨੂੰ ਅਵਰੋਹ/ਉਤਰਦੇ ਕ੍ਰਮ ਵਿੱਚ ਲਿਖੋ।
18. ਸਮ ਅਤੇ ਖਾਲੀ ਲਈ ਕਿਹੜਾ ਚਿੰਨ੍ਹ ਵਰਤਿਆ ਜਾਂਦਾ ਹੈ ?
19. ਕਹਿਰਵਾ ਤਾਲ ਦਾ ਪਰਿਚੈ ਲਿਖੋ ?

**[3×7=21]**

**ਭਾਗ-III : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:-**

20. ਅਲੰਕਾਰ ਦੇ ਲਾਭ ਲਿਖੋ।
21. ਸੰਗੀਤ ਦੀਆਂ ਕਿੰਨੀਆਂ ਕੁਲ ਕਲਾਵਾਂ ਹਨ ਵਰਣਨ ਕਰੋ।
22. ਕੋਈ ਪੰਜ ਅਲੰਕਾਰ ਲਿਖੋ।
23. ਦਾਦਰਾ ਤਾਲ ਦੀ ਇੱਕਗੁਣ ਲਿਖੋ।

**[5×2=10]**